**ਅਨੁਸੂਚਿਤ ਜਾਤੀਆਂ ਨਾਲ ਸਬੰਧਤ ਯੁਵਕਾਂ ਨੂੰ ਕਮਰਸ਼ੀਅਲ ਪਾਇਲਟ ਲਾਇਸੈਂਸ (ਸੀ.ਪੀ.ਐਲ.) ਲਈ ਫਲਾਇੰਗ ਟ੍ਰੇਨਿੰਗ ਦਿਵਾਉਣ ਦੀ ਸਕੀਮ**

| | |
|---|---|
| ਲਾਗੂ ਕਰਨ ਵਾਲੀ ਏਜੰਸੀ ਦਾ ਨਾਂ | ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ ਵੱਲੋਂ ਸ਼ਹਿਰੀ ਅਤੇ ਹਵਾਬਾਜੀ ਵਿਭਾਗ, ਪੰਜਾਬ ਰਾਹੀਂ ; |
| ਟ੍ਰੇਨਿੰਗ ਦਾ ਵੇਰਵਾ | ਕਮਰਸ਼ੀਅਲ ਪਾਇਲਟ ਲਾਇਸੈਂਸ (ਸੀ.ਪੀ.ਐਲ) |
| ਟੀਚਾ | 4 ਅਨੁਸੂਚਿਤ ਜਾਤੀ ਉਮੀਦਵਾਰ |
| ਨਿਰਧਾਰਤ ਪਰਿਵਾਰਕ ਸਲਾਨਾ ਆਮਦਨ | 2.50 ਲੱਖ ਰੁਪਏ |
| ਟ੍ਰੇਨਿੰਗ ਦਾ ਕੁੱਲ ਖਰਚਾ | 25.00 ਲੱਖ ਰੁਪਏ (ਪ੍ਰਤੀ ਟਰੇਨੀ) |
| ਫੰਡਿੰਗ ਪੈਟਰਨ | ਸਟੇਟ ਪਲਾਨ |
| ਲੋੜੀਂਦੇ ਫੰਡਜ਼ ਦਾ ਵੇਰਵਾ | |
| ਕਮਰਸ਼ੀਅਲ ਪਾਇਲਟ ਲਾਇਸੈਂਸ ਸਬੰਧੀ ਫਲਾਇੰਗ ਟ੍ਰੇਨਿੰਗ ਦੇਣ ਲਈ ਪ੍ਰਤੀ ਟਰੇਨੀ 25.00 ਲੱਖ ਰੁਪਏ ਤੱਕ ਫਲਾਇੰਗ ਕੱਲਬ ਨੂੰ ਅਦਾ ਕਰਨ ਲਈ ਵਿੱਤੀ ਸਹਾਇਤਾ (4×25,00,000/-) ਰਾਹੀਂ ਸ਼ਹਿਰੀ ਅਤੇ ਹਵਾਬਾਜ਼ੀ ਵਿਭਾਗ | 100.00 ਲੱਖ ਰੁਪਏ |

**ਸਕੀਮ ਦਾ ਮੰਤਵ**

ਕਮਰਸ਼ੀਅਲ ਪਾਇਲਟਾਂ ਦੀ ਸਾਰੇ ਸੰਸਾਰ ਵਿਚ ਬਹੁਤ ਮੰਗ ਹੈ। ਇਹ ਸਚਾਈ ਹੈ ਕਿ ਫਲਾਇੰਗ ਟ੍ਰੇਨਿੰਗ ਮਹਿੰਗੀ ਹੋਣ ਕਰਕੇ, ਅਨੁਸੂਚਿਤ ਜਾਤੀਆਂ ਦੇ ਉਮੀਦਵਾਰ ਜੋ ਕਿ ਆਮ ਤੌਰ ਤੇ ਗਰੀਬ ਹੁੰਦੇ ਹਨ ਕਮਰਸ਼ੀਅਲ ਪਾਇਲਟ ਲਾਇਸੈਂਸ ਟਰੇਨਿੰਗ ਲੈਣ ਦੇ ਸਮੱਰਥ ਨਹੀਂ ਹੁੰਦੇ। ਇਸ ਲਈ ਕਮਰਸ਼ੀਅਲ ਪਾਇਲਟਾਂ ਵਿਚ ਅਨੁਸੂਚਿਤ ਜਾਤੀਆਂ ਦੀ ਪ੍ਰਤੀ ਨਿਧਤਾ ਲਗਭਗ ਨਿੱਲ ਹੈ। ਕਮਰਸ਼ੀਅਲ ਪਾਇਲਟਾਂ ਲਾਇਸੈਸ ਰੱਖਣ ਵਾਲੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਉਮੀਦਵਾਰਾਂ ਦੀ ਪ੍ਰਤੀ ਨਿਧਤਾ ਪੂਰੀ ਕਰਨ ਲਈ ਰਾਜ ਸਰਕਾਰ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਨੌਜਵਾਨਾਂ ਨੂੰ ਵਿੱਤੀ ਸਹਾਇਤਾ ਮੁਹੱਈਆਂ ਕਰਵਾਉਣਾ ਲਾਜ਼ਮੀ ਮਹਿਸੂਸ ਕਰਦੀ ਹੈ। ਇਸ ਲਈ ਭਾਰਤ ਵਿਚ ਰਜਿਸਟਰਡ ਫਲਾਇੰਗ ਕਲੱਬਾਂ ਨੂੰ ਭਲਾਈ ਵਿਭਾਗ ਵੱਲੋਂ ਪ੍ਰਤੀ ਟਰੇਨੀ 25.00 ਲੱਖ ਰੁਪਏ ਵਿੱਤੀ ਸਹਾਇਤਾ ਦੇਣ ਦੀ ਤਜਵੀਜ਼ ਹੈ।

**ਟਰੇਨਿੰਗ ਦੀ ਲਾਗਤ**

ਕਮਰਸ਼ੀਅਲ ਪਾਇਲਟ ਲਾਇਸੈਂਸ ਲੈਣ ਲਈ ਉਮੀਦਵਾਰ ਨੂੰ 200 ਘੰਟੇ ਦੀ ਫਲਾਇੰਗ ਟਰੇਨਿੰਗ ਲੈਣੀ ਪਵੇਗੀ ਜਿਸ ਦਾ ਖਰਚਾ ਟਰੇਨੀ ਵੱਲੋਂ ਚਲਾਏ ਜਾਣ ਵਾਲੇ ਜਹਾਜ਼ ਦੀ ਕਿਸਮ ਦੇ ਆਧਾਰ ਤੇ 9,600/- ਰੁਪਏ ਤੋਂ 10,500/- ਰੁਪਏ ਪ੍ਰਤੀ ਘੰਟਾ ਆਵੇਗਾ। ਇਸ ਤਰ੍ਹਾਂ ਕਮਰਸ਼ੀਅਲ ਪਾਇਲਟ ਲਾਇਸੈਂਸ ਟ੍ਰੇਨਿੰਗ ਦੇ ਕੋਰਸ ਦੀ ਲਾਗਤ ਲੱਗਭੱਗ 25.00 ਲੱਖ ਰੁਪਏ ਆਵੇਗੀ।

**ਯੋਗਤਾ ਅਤੇ ਚੋਣ ਦੀ ਵਿਧੀ**

ਦਾਖਲੇ ਦੀ ਮਿਤੀ ਨੂੰ ਉਮੀਦਵਾਰਾਂ ਦੀ ਉਮਰ 25 ਸਾਲ ਤੋਂ ਵੱਧ ਨਾ ਹੋਵੇ ਅਤੇ ਘੱਟੋ ਘੱਟ ਵਿਦਿਅਕ ਯੋਗਤਾ ਭੌਤਿਕ ਵਿਗਿਆਨ ਅਤੇ ਗਣਿਤ (Physics and Mathematics) ਵਿਸ਼ੇ ਸਹਿਤ 10+2

ਸੈਕਿੰਡ ਡਵੀਜ਼ਨ ਅਤੇ ਗਰੈਜੂਏਸ਼ਨ ਕੀਤੀ ਹੋਵੇ। ਇਹ ਵਿਦਿਅਕ ਯੋਗਤਾ ਪੂਰੀ ਕਰਨ ਵਾਲੇ ਉਮੀਦਵਾਰ ਕਮਰਸ਼ੀਅਲ ਪਾਇਲਟ ਬਣਨ ਲਈ ਫਲਾਇੰਗ ਕਲੱਬਾਂ ਪਾਸ ਆਪਣਾ ਨਾਂ ਦਰਜ ਕਰਵਾ ਸਕਦੇ ਹਨ ਅਤੇ ਉਸ ਨੂੰ ਪਾਇਲਟ ਐਪਟੀਚਿਊਡ ਟੈਸਟ ਪਾਸ ਕਰਨਾ ਹੋਵੇਗਾ। ਫਲਾਇੰਗ ਮਾਪਦੰਡ ਅਨੁਸਾਰ ਉਮੀਦਵਾਰ ਨੂੰ ਡਾਕਟਰੀ ਮੁਆਇਨਾ ਕਰਵਾਉਣਾ ਹੋਵੇਗਾ।

**ਕਮੇਟੀ ਦੀ ਬਣਤਰ**

ਸ਼ਰਤਾਂ ਪੂਰੀਆਂ ਕਰਨ ਵਾਲੇ ਉਮੀਦਵਾਰ ਦੀ ਚੋਣ ਹੇਠ ਲਿਖੇ ਅਨੁਸਾਰ ਕਮੇਟੀ ਵੱਲੋਂ ਕੀਤੀ ਜਾਵੇਗੀ:-

| | | |
|---|---|---|
| 1. | ਸਕੱਤਰ, ਭਲਾਈ ਵਿਭਾਗ | ਚੇਅਰਮੈਨ |
| 2. | ਡਾਇਰੈਕਟਰ, ਭਲਾਈ ਵਿਭਾਗ | ਮੈਂਬਰ ਸਕੱਤਰ |
| 3. | ਡਾਇਰੈਕਟਰ, ਅਨੁਸੂਚਿਤ ਜਾਤੀਆਂ ਸਬ ਪਲਾਨ | ਮੈਂਬਰ |
| 4. | ਡਾਇਰੈਕਟਰ, ਸ਼ਹਿਰੀ ਹਵਾਬਾਜੀ ਵਿਭਾਗ ਦਾ ਨੁਮਾਇੰਦਾ | ਮੈਂਬਰ |

**ਇਸ਼ਤਿਹਾਰ**

ਸਕੀਮ ਅਧੀਨ ਵਿੱਤ ਵਿਭਾਗ ਦੀ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ, ਦਾਖਲੇ ਲਈ ਡਾਇਰੈਕਟਰ, ਭਲਾਈ ਵਿਭਾਗ ਵੱਲੋਂ ਰਾਜ ਦੇ ਵੱਖ ਵੱਖ ਅਖਬਾਰਾਂ ਵਿਚ ਇਸ਼ਤਿਹਾਰ ਦੇ ਕੇ ਦਰਖਾਸਤਾਂ ਮੰਗੀਆਂ ਜਾਣਗੀਆਂ।

ਇਕ ਅਨੁਸੂਚਿਤ ਜਾਤੀ ਪਰਿਵਾਰ ਦਾ ਕੇਵਲ ਇਕ ਉਮੀਦਵਾਰ ਇਹ ਲਾਭ ਲੈਣ ਦੇ ਯੋਗ ਹੋਵੇਗਾ। ਫਲਾਇੰਗ ਟ੍ਰੇਨਿੰਗ ਦੀ ਲਾਗਤ ਉਮੀਦਵਾਰ ਦੀ ਬਜਾਏ ਸਿੱਧੀ ਫਲਾਇੰਗ ਕਲੱਬ ਨੂੰ ਡਾਇਰੈਕਟਰ, ਸ਼ਹਿਰੀ ਅਤੇ ਹਵਾਬਾਜ਼ੀ ਵਿਭਾਗ, ਪੰਜਾਬ ਰਾਹੀਂ ਦਿੱਤੀ ਜਾਵੇਗੀ। ਡਾਕਟਰੀ ਤੌਰ ਤੇ ਫਿੱਟ ਪਾਏ ਜਾਣ ਵਾਲੇ ਉਮੀਦਵਾਰ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਪੱਖ ਵਿਚ ਇਕ ਲੱਖ ਰੁਪਏ ਦੀ ਬੈਂਕ ਗਰੰਟੀ ਦੇਣਗੇ ਜਿਹੜੀ ਕਿ ਕਮਰਸ਼ੀਅਲ ਪਾਇਲਟ ਲਾਇਸੈਂਸ ਟ੍ਰੇਨਿੰਗ ਮੁਕੰਮਲ ਹੋਣ ਤੇ ਮੋੜਨਯੋਗ ਹੋਵੇਗੀ।

**ਫੰਡਿੰਗ ਪੈਟਰਨ**

ਪ੍ਰਤੀ ਲਾਭਪਾਤਰੀ( ਟਰੇਨੀ) ਕੁੱਲ ਲਾਗਤ ਜੋ ਕਿ 25.00 ਲੱਖ ਰੁਪਏ ਤੱਕ ਹੋਵੇਗੀ ਰਾਜ ਸਰਕਾਰ ਵੱਲੋਂ ਬਤੌਰ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਉਮੀਦਵਾਰ ਵੱਲੋਂ ਸਰਕਾਰ ਨਾਲ ਇਕ ਇਕਰਾਰਨਾਮਾ/ਬਾਂਡ ਹਸਤਾਖਰ ਕਰਨਾ ਹੋਵੇਗਾ ਕਿ ਕਮਰਸ਼ੀਅਲ ਪਾਇਲਟ ਵਜੋਂ ਨਿਯੁਕਤੀ ਉਪਰੰਤ ਉਸ ਨੂੰ ਦਿੱਤੀ ਕੁੱਲ ਵਿੱਤੀ ਸਹਾਇਤਾ ਦਾ 50% ਹਿੱਸਾ (12.50 ਲੱਖ ਰੁਪਏ) 12 ਬਰਾਬਰ ਕਿਸ਼ਤਾਂ ਵਿਚ ਇਕ ਸਾਲ ਵਿਚ ਮੋੜੇਗਾ।